ਵਲੋਂ

ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਵੱਲ

ਰਾਜ ਅਧੀਨ ਸਾਰੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਮੁੱਖੀ।

ਵਿਸ਼ਾ:- ਸੈਸ਼ਨ 2022 ਲਈ ਦਾਖਲਾ ਹਦਾਇਤਾਂ।

ਉਪਰੋਕਤ ਵਿਸ਼ੇ ਸੰਬਧੀ ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਸੈਸ਼ਨ 2022 ਦੇ ਦਾਖਲੇ ਨਾਲ ਸਬੰਧਤ ਸਾਰੀਆਂ ਦਾਖਲਾ ਵਿਗਿਆਪਨ, ਜਰੂਰੀ (ਵਿਸਥਾਰ ਪੂਰਵਕ) ਹਦਾਇਤਾਂ ਅਤੇ ਪ੍ਰਾਸਪੈਕਟਸ ਵੈਬਸਾਈਟ www.itipunjab.nic.in ਤੇ ਅਪਲੋਡ ਕੀਤੇ ਗਏ ਹਨ। ਇਸ ਤੋਂ ਇਲਾਵਾ ਆਨ ਲਾਈਨ ਦਾਖਲਾ ਕਰਨ ਸਮੇਂ ਹੇਠ ਲਿਖੀਆਂ ਹਦਾਇਤਾਂ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ:-

1. COVID-19 ਦੇ ਦੁਸ਼-ਪ੍ਰਭਾਵ ਤੋਂ ਬਚਾਓ ਲਈ ਭਾਰਤ ਸਰਕਾਰ ਅਤੇ ਰਾਜ ਸਰਕਾਰ ਵਲੋਂ ਜਾਰੀ ਹਦਾਇਤਾਂ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਿਆ ਜਾਵੇ ਅਤੇ ਪਾਲਣਾ ਕੀਤੀ ਜਾਵੇ। ਕੋਵਿਡ-19 ਦੀਆਂ ਹਦਾਇਤਾਂ ਅਨੁਸਾਰ ਹੱਥ ਸੈਨੇਟਾਈਜ, ਲਾਜ਼ਮੀ ਤੌਰ ਤੇ ਮਾਸਕ, ਸੋਸ਼ਲ ਡਿਸਟੈਂਸਿੰਗ ਅਤੇ ਸਮਾਜਿਕ ਸੁਰੱਖਿਆ ਕਾਇਮ ਰੱਖੀ ਜਾਵੇ।
2. ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੀਆਂ S.C.V.T. ਟਰੇਡਾਂ ਦਾ ਸੀਟ ਮੈਟ੍ਰਿਕਸ ਇਸ ਸ਼ਰਤ ਤੇ ਅਪਲੋਡ ਕੀਤਾ ਗਿਆ ਹੈ ਕਿ S.C.V.T. ਟਰੇਡਾਂ ਦੇ ਦਾਖਲ ਸਿਖਿਆਰਥੀਆਂ ਨੂੰ ਟ੍ਰੇਨਿੰਗ ਮੁਕੰਮਲ ਹੋਣ ਤੱਕ ਸੰਸਥਾ ਪਾਸ ਐਫੀਲੇਸ਼ਨ ਦੇ ਨਾਰਮਜ਼ ਅਨੁਸਾਰ ਲੋੜੀਂਦਾ ਇੰਫਰਾਸਟਰਕਚਰ, ਟੂਲ ਤੇ ਇਕੂਪਮੈਂਟ, ਸਪੇਸ, ਪਾਵਰਲੋਡ ਤੇ ਇੰਸਟਰਕਟਰ ਉਪਲਬੱਧ ਹੋਵੇ ਤਾਂ ਜੋ ਕਿਸੇ ਕਾਰਨ ਵੀ ਦਾਖਲ ਸਿਖਿਆਰਥੀਆਂ ਦੀ ਲੋੜੀਂਦੀ ਟ੍ਰੇਨਿੰਗ ਦਾ ਹਰਜਾ ਨਾ ਹੋਵੇ। ਨਾਲ ਹੀ ਇਸੇ ਦਾਖਲਾ ਸੈਸ਼ਨ ਦੇ ਅੰਦਰ-ਅੰਦਰ ਹੀ ਇੰਨ੍ਹਾਂ S.C.V.T. ਟਰੇਡਾਂ ਦੀ ਡੀ.ਜੀ.ਟੀ. ਭਾਰਤ ਸਰਕਾਰ ਨਵੀਂ ਦਿੱਲੀ ਤੋਂ N.C.V.T. ਦੀ ਐਫੀਲੇਸ਼ਨ ਲਈ ਕਾਰਵਾਈ ਕੀਤੀ ਜਾਣੀ ਯਕੀਨੀ ਬਣਾਈ ਜਾਵੇ।
3. D.G.E.&T., ਭਾਰਤ ਸਰਕਾਰ ਤੋਂ ਪ੍ਰਾਪਤ ਪ.ਨੰ: D.G.E.T.-6/misc/advt./2010-TC Dated 27-04-2010 ਦੀਆਂ ਹਦਾਇਤਾਂ ਅਨੁਸਾਰ ਹੇਠ ਦਿੱਤਾ ਪੱਤਰ ਆਪਣੀ ਸੰਸਥਾ ਦੇ ਨੋਟਿਸ ਬੋਰਡ ਤੇ ਲਗਾ ਦਿੱਤਾ ਜਾਵੇ:-

FOR ATTENTION OF ADMISSION SEEKERS TO NATIONAL COUNCIL FOR VOCATIONAL TRAINING (N.C.V.T.) APPROVED TRADES in ITIs

All admission seekers to N.C.V.T. approved various trades (Engineering/Non-Engineering), are advised in their own interest that they should confirm and satisfy themselves before seeking admission in any trade that the trade/Unit in the Industrial Training Institute

(Govt.)/Industrial Training Centre (Pvt.) ITIs /ITCs) is affiliated to N.C.V.T. The students of trades/units which are affiliated on the date of admission are only eligible for appearing in All India Trade Test for the award of National Trade Certificate.

The list of affiliated trades/units is available with respective institutes and respective State Directorates.

It is also informed in the interest of general public that N.C.V.T./Govt. of India do not recognize any ITI/ITC. N.C.V.T. affiliates only the trades and its units run by a particular ITI/ITC.

NO ADMISSION IS ALLOWED IN N.C.V.T. TRADES WITHOUT AFFILIATION.

4. ਸਾਰੀਆਂ ਪ੍ਰਾਈਵੇਟ ਸੰਸਥਾਵਾਂ ਉਸ ਪਤੇ/ ਐਡਰੈਸ (ਬਿਲਡਿੰਗ) ਵਿਚ ਟ੍ਰੇਨਿੰਗ ਦੇਣ ਹਿਤ ਹੀ ਦਾਖਲਾ ਕਰਨਗੇ, ਜਿਥੇ ਡੀ.ਜੀ.ਟੀ. ਭਾਰਤ ਸਰਕਾਰ/ ਵਿਭਾਗ ਵਲੋਂ ਉਨ੍ਹਾਂ ਦੇ ਜਿਸ ਪਤੇ/ ਐਡਰੈਸ (ਬਿਲਡਿੰਗ) ਲਈ ਟਰੇਡ/ ਕੋਰਸ ਚਲਾਉਣ ਲਈ ਐਫੀਲੇਸ਼ਨ ਦਿੱਤੀ ਗਈ ਹੈ, ਉਲੰਘਣਾ ਕਰਨ ਦੀ ਸੂਰਤ ਵਿਚ ਸਬੰਧਤ ਕੇਂਦਰ ਵਿਰੁੱਧ ਡਿਸ-ਐਫੀਲੇਸ਼ਨ ਦੀ ਕਾਰਵਾਈ ਆਰੰਭੀ ਜਾਵੇਗੀ।

5. ਸੰਸਥਾਵਾਂ ਵਿਖੇ ਉਮੀਦਵਾਰਾਂ ਦੇ ਬੈਠਣ ਲਈ ਫਰਨੀਚਰ, ਪੀਣ ਵਾਲਾ ਪਾਣੀ ਆਦਿ ਦਾ ਇੰਤਜਾਮ ਰੱਖਿਆ ਜਾਵੇ ਅਤੇ ਅਨੁਸਾਸ਼ਨ ਵੀ ਕਾਇਮ ਰੱਖਿਆ ਜਾਵੇ।

6. ਆਨ ਲਾਈਨ ਦਾਖਲੇ ਲਈ ਅਪਲਾਈ/ ਰਜਿਸ਼ਟਰੇਸ਼ਨ ਕਰਨ ਵਾਲੇ ਉਮੀਦਵਾਰਾਂ ਦੀ ਸਹੂਲਤ ਲਈ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਲੋਂ ਆਪਣੀਆਂ ਆਪਣੀਆਂ ਸੰਸਥਾਵਾਂ ਵਿਚ ਹੈਲਪ ਡੈਸਕ ਬਣਾਏ ਜਾਣ ਅਤੇ ਇਸ ਮੰਤਵ ਲਈ ਸੰਸਥਾਵਾਂ ਦੇ ਕਰਮਚਾਰੀਆਂ ਦੀ ਵਿਸ਼ੇਸ਼ ਤੌਰ ਤੇ ਡਿਊਟੀ ਲਗਾਈ ਜਾਵੇ ਅਤੇ ਲੋੜਵੰਦ ਉਮੀਦਵਾਰਾਂ ਦੀ ਆਨ ਲਾਈਨ ਦਾਖਲਾ ਫਾਰਮ ਭਰਨ ਵਿਚ ਸਹਾਇਤਾ ਕੀਤੀ ਜਾਵੇ।

7. ਹੈਲਪ ਡੈਸਕਾਂ ਰਾਂਹੀਂ ਰਜਿਸ਼ਟਰੇਸ਼ਨ ਹਿਤ ਕੈਂਡੀਡੇਟਸ ਵਲੋਂ ਪਹੁੰਚ ਕਰਨ ਤੇ, ਕੈਂਡੀਡੇਟਸ ਵਲੋਂ ਆਪਣਾ ਨਾਮ, ਪਿਤਾ ਦਾ ਨਾਮ, ਮੋਬਾਈਲ ਨੰਬਰ ਅਤੇ ਹਸਤਾਖਰ ਕਰਵਾਏ ਜਾਣ ਅਤੇ ਰਿਕਾਰਡ ਰੱਖਿਆ ਜਾਵੇ।

8. ਰਜਿਸਟ੍ਰੇਸ਼ਨ 24 ਘੰਟੇ ਖੁੱਲੀ ਰਹੇਗੀ। ਰਜਿਸ਼ਟਰੇਸ਼ਨ ਉਪਰੰਤ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਦੇ ਅੰਦਰ-ਅੰਦਰ ਹੀ ਡੈਜੀਗਨੇਟਿਡ ਸੰਸਥਾਵਾਂ (D.I.s) ਤੋਂ ਸਰਟੀਫਿਕੇਟ ਵੈਰੀਫਿਕੇਸ਼ਨ ਕੀਤੀ ਜਾਵੇ। ਉਪਰੰਤ ਸਰਟੀਫਿਕੇਟ ਵੈਰੀਫਿਕੇਸ਼ਨ ਨਹੀ ਹੋਵੇਗੀ।

9. ਹੈਲਪ ਡੈਸਕਾਂ ਵਲੋਂ ਉਮੀਦਵਾਰਾਂ ਦਾ ਆਨ ਲਾਈਨ ਰਜਿਸ਼ਟਰੇਸ਼ਨ ਫਾਰਮ ਧਿਆਨ ਨਾਲ ਭਰਿਆ ਜਾਵੇ। ਜਿਸ ਵਿਚ ਉਮੀਦਵਾਰ ਦਾ ਨਾਮ, ਮਾਤਾ ਦਾ ਨਾਮ, ਪਿਤਾ ਦਾ ਨਾਮ, ਕੈਟਾਗਰੀ, ਮੇਲ-ਫੀਮੇਲ ਅਤੇ ਭਰੇ ਗਏ ਅੰਕਾਂ ਦਾ ਵੇਰਵਾ ਆਦਿ ਚੈਕ ਕਰਕੇ ਠੀਕ ਭਰਿਆ ਜਾਵੇ ਕਿਉਂਜੋ ਐਨ.ਆਈ.ਸੀ. ਆਨ ਲਾਈਨ ਦਾਖਲਾ ਪੋਰਟਲ ਉਪਰ ਕੈਪਚਰ ਕੀਤਾ ਡਾਟਾ, ਸਿੱਧੇ ਹੀ ਐਨ.ਸੀ.ਵੀ.ਟੀ.-ਐਮ.ਆਈ.ਐਮ. ਪੋਰਟਲ ਉਪਰ ਅਪਲੋਡ ਕੀਤਾ ਜਾਣਾ ਹੁੰਦਾ ਹੈ।

10. ਡੈਜੀਗਨੇਟਿਡ ਸੰਸਥਾਵਾਂ (Designated Institutes) ਵਲੋਂ ਦਾਖਲੇ ਲਈ ਚਾਹਵਾਨ ਉਮੀਦਵਾਰਾਂ ਦੇ ਡਾਕੂਮੈਂਟ ਵੈਰੀਫਾਈ ਕਰਨ ਸਮੇਂ, ਪ੍ਰੋਸੈਸਿੰਗ ਫੀਸ ਪ੍ਰਤੀ ਸਿਖਿਆਰਥੀ 100/- ਰੁਪਏ ਜੋ ਕਿ ਡੈਜੀਗਨੇਟਿਡ ਸੰਸਥਾਵਾਂ ਦੇ ਪੱਧਰ ਤੇ offline ਇਕੱਤਰ ਕੀਤੀ ਜਾਵੇ। ਡੈਜੀਗਨੇਟਿਡ ਸੰਸਥਾਵਾਂ ਵਲੋਂ ਇਹ ਪ੍ਰੋਸੈਸਿੰਗ ਫੀਸ ਰਾਜ ਸਰਕਾਰ ਦੇ ਵਿਤੀ ਨਿਯਮਾਂ ਅਨੁਸਾਰ, ਸਿੱਧੇ ਰਾਜ ਸਰਕਾਰ ਦੇ ਰਸੀਟ ਹੈਡ ਵਿਚ ਜਮਾਂ ਕਰਵਾਈ ਜਾਵੇ। ਸਿਖਿਆਰਥੀਆਂ ਵਲੋਂ ਇਕੱਤਰ ਕੀਤੀ ਜਾਣ ਵਾਲੀ ਪ੍ਰੋਸੈਸਿੰਗ ਫੀਸ ਦਾ ਰਿਕਾਰਡ, ਅਤੇ ਰਾਜ

ਸਰਕਾਰ ਦੇ ਖਜਾਨੇ ਵਿਚ ਜਮਾਂ ਪ੍ਰੋਸੈਸਿੰਗ ਫੀਸ ਦਾ ਰਿਕਾਰਡ ਸੰਸਥਾ ਪੱਧਰ ਤੇ ਮੈਨਟੇਨ ਰੱਖਿਆ ਜਾਵੇ।

11. ਡੈਜੀਗਨੇਟਿਡ ਸੰਸਥਾਵਾਂ ਵਲੋਂ ਉਮੀਦਵਾਰ ਦੀ ਰਜਿਸ਼ਟਰੇਸ਼ਨ ਫਾਰਮ ਵਿਚ ਭਰੀ ਗਈ ਹਰ ਤਰਾਂ ਦੀ ਸੂਚਨਾ ਨੂੰ ਵਿਸ਼ੇਸ਼ ਤੌਰ ਤੇ ਚੈਕ ਕੀਤਾ ਜਾਵੇ। ਕੈਂਡੀਡੇਟਸ ਦਾ ਨਾਮ, ਮਾਤਾ ਦਾ ਨਾਮ, ਪਿਤਾ ਦਾ ਨਾਮ, ਕੈਟਾਗਰੀ, ਮੇਲ-ਫੀਮੇਲ ਅਤੇ ਭਰੇ ਗਏ ਅੰਕਾਂ ਦਾ ਵੇਰਵਾ ਆਦਿ ਪੱਕੇ ਤੌਰ ਤੇ ਚੈਕ ਕੀਤਾ ਜਾਵੇ। ਜਿਸ ਡੀ.ਆਈ. ਵਲੋਂ ਰਜਿਸ਼ਟਰੇਸ਼ਨ ਫਾਰਮ ਦੇ ਵੇਰਵੇ ਠੀਕ ਵੈਰੀਫਾਈ ਨਾ ਕੀਤੇ ਜਾਣ ਦੀ ਗਲਤੀ, ਵਿਭਾਗ ਦੇ ਧਿਆਨ ਵਿਚ ਆਉਂਦੀ ਹੈ ਤਾਂ ਸਬੰਧਤ ਡੀ.ਆਈ. ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।

12. ਉਮੀਦਵਾਰਾਂ ਨੂੰ ਆਨ ਲਾਈਨ ਦਾਖਲੇ ਲਈ ਅਪਲਾਈ ਕਰਨ ਸਮੇਂ ਜਨਰੇਟ ਹੋਇਆ ਰਜਿਸ਼ਟਰੇਸ਼ਨ ਨੰਬਰ ਅਤੇ ਫੀਡ/ SAVE ਕੀਤਾ ਪਾਸਵਰਡ ਯਾਦ ਰੱਖਣ ਜਾਂ ਆਪਣੀ ਸੁਵਿਧਾ ਅਨੁਸਾਰ ਸੁਰੱਖਿਅਤ ਰੱਖਣ ਦੀ ਸਲਾਹ ਦਿੱਤੀ ਜਾਵੇ ਕਿ ਆਪਣਾ ਪਾਸਵਰਡ ਕਿਸੇ ਨਾਲ ਸਾਂਝਾ (SHARE) ਨਾ ਕਰਨ ਤਾਂ ਕਿ ਇਸ ਦੀ ਦੁਰ-ਵਰਤੋਂ ਨਾ ਹੋ ਸਕੇ। ਉਮੀਦਵਾਰ ਲੋੜ ਪੈਣ ਤੇ ਡਾਕੂਮੈਂਟ ਵੈਰੀਫਾਈ ਹੋਣ ਤੋਂ ਪਹਿਲਾਂ ਆਪਣਾ ਰਜਿਸ਼ਟਰੇਸ਼ਨ ਨੰਬਰ ਅਤੇ ਪਾਸਵਰਡ ਵਰਤਦੇ ਹੋਏ ਆਪਣਾ ਡਾਟਾ Edit/ Update ਕਰ ਸਕਦੇ ਹਨ।

13. ਜਿਹੜੀਆਂ ਸੰਸਥਾਵਾਂ ਵਿਚ ਕਿਸੇ ਕਾਰਨ ਵੱਖਰੇ ਤੌਰ ਤੇ ਆਈ.ਟੀ. ਲੈਬ/ ਕੰਪਿਊਟਰ ਲੈਬਜ਼ ਨਹੀਂ ਹਨ, ਉਹ ਸੰਸਥਾਵਾਂ ਦੇ ਵੱਖਰੇ ਕਮਰੇ ਵਿਚ ਕੰਪਿਊਟਰ ਇੰਸਟਾਲ ਕਰਦੇ ਹੋਏ ਆਰਜੀ ਨੈਟਵਰਕਿੰਗ ਕਰਵਾਉਣ ਤਾਂ ਜੋ ਇਕੋ ਸਮੇਂ ਵੱਧ ਤੋਂ ਵੱਧ ਉਮੀਦਵਾਰਾਂ ਦੀ ਆਨ ਲਾਈਨ ਦਾਖਲੇ ਲਈ ਅਪਲਾਈ ਕਰਨ ਵਿਚ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ।

14. ਭਾਂਵੇਂ ਡੈਜੀਗਨੇਟਿਡ ਸੰਸਥਾਵਾਂ ਨਾਲ (ਸਰਕਾਰੀ ਅਤੇ ਪ੍ਰਾਈਵੇਟ) ਪਾਰਟੀਸੀਪੇਟਿੰਗ ਸੰਸਥਾਵਾਂ ਜੋੜੀਆਂ ਗਈਆਂ ਹਨ ਪ੍ਰੰਤੂ ਉਮੀਦਵਾਰ ਕਿਸੇ ਡੈਜੀਗਨੇਟਿਡ ਸੰਸਥਾ ਤੋਂ ਆਪਣੇ ਡਾਕੂਮੈਂਟਸ ਦਸਤਾਵੇਜ ਵੈਰੀਫਾਈ ਕਰਵਾ ਸਕਦਾ ਹੈ।

15. ਜਿਹੜੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਬਤੌਰ Designated Institutes (D.I.'s) ਹਨ, ਉਹ ਲੋੜ ਪੈਣ ਤੇ ਆਪਣੇ ਅਧੀਨ ਪੈਂਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ Participating Institutes (P.I.'s) ਵਿਚੋਂ ਆਨ ਲਾਈਨ ਦਾਖਲੇ ਦੇ ਕੰਮ ਲਈ ਸਟਾਫ (ਇੰਸਟਰਕਟਰ, ਕਲਰਕ, ਡਾਟਾ ਐਂਟਰੀ ਓਪਰੇਟਰ ਆਦਿ) ਦੀ ਡਿਊਟੀ ਲਗਾ ਸਕਦੇ ਹਨ।

16. Designated Institutes (D.I.'s) ਆਪਣੇ ਅਧੀਨ ਪੈਂਦੀਆਂ ਸਰਕਾਰੀ ਤੇ ਪ੍ਰਾਈਵੇਟ Participating Institutes (P.I.'s) ਤੋਂ ਦਾਖਲੇ ਦੇ ਕੰਮ ਲਈ ਲੋੜ ਪੈਣ ਤੇ ਕੰਪਿਊਟਰ ਸਿਸਟਮ, ਪ੍ਰਿੰਟਰ ਆਦਿ ਦੀ ਸਹਾਇਤਾ ਲੈ ਸਕਦੇ ਹਨ।

17. ਸੰਸਥਾ ਵਿਚ ਆਨ ਲਾਈਨ ਦਾਖਲੇ ਲਈ ਡਿਪਿਊਟ ਕਰਮਚਾਰੀਆਂ ਨੂੰ ਕਿਸੇ ਤਰ੍ਹਾਂ ਦੀ ਲੰਬੀ ਛੁੱਟੀ ਮੁੱਖ ਦਫਤਰ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਨਾ ਦਿੱਤੀ ਜਾਵੇ। ਆਨ ਲਾਈਨ ਦਾਖਲੇ ਦਾ ਮਹੱਤਵਪੂਰਨ ਕੰਮ ਹੋਣ ਕਾਰਨ (ਸੰਸਥਾ ਪੱਧਰ ਤੇ) ਆਪਣੇ ਸਟਾਫ ਦੀਆਂ ਲਿਖਤੀ ਤੌਰ ਤੇ ਡਿਊਟੀਆਂ ਲਗਾਈਆਂ ਜਾਣ।

18. Designated Institutes ਵਲੋਂ ਉਮੀਦਵਾਰਾਂ ਦੇ ਸਰਟੀਫਿਕੇਟ ਆਪਣੇ ਡੀ.ਆਈ. ਸੰਸਥਾ ਦੀ ਲਾਗ ਇਨ ਆਈ.ਡੀ. ਦੀ ਵਰਤੋਂ ਕਰਦੇ ਹੋਏ, ਕੈਂਡੀਡੇਟਸ ਦੇ ਡਾਕੂਮੈਂਟਸ ਵੈਰੀਫਾਈ ਕੀਤੇ ਜਾਣ। ਕੈਂਡੀਡੇਟ ਦੇ ਅਪਲੋਡ ਸਰਟੀਫਿਕੇਟਸ ਚੈਕ ਕੀਤੇ ਜਾਣ। ਦਸਤਾਵੇਜਾਂ ਵਿਚ ਕਿਸੇ ਕਿਸਮ ਦੀ ਤਰੁੱਟੀ ਪਾਏ ਜਾਣ ਤੇ REMARKS

ਬਾਕਸ ਵਿਚ ਤਰੁੱਟੀ ਦਾ ਵੇਰਵਾ ਲਿਖ ਕੇ SEND ਕਰ ਦਿੱਤਾ ਜਾਵੇ। ਉਮੀਦਵਾਰ ਵਲੋਂ ਤਰੁੱਟੀ ਦੂਰ ਕਰ ਦਿੱਤੇ ਜਾਣ ਤੇ ਸਰਟੀਫਿਕੇਸ਼ਨ ਵੈਰੀਫਿਕੇਸ਼ਨ ਕਰਵਾਈ ਜਾਵੇ।

19. D.I.s ਵਲੋਂ ਰਿਜਰਵ ਕੈਟਾਗਰੀਆਂ ਦੇ ਉਮੀਦਵਾਰਾਂ ਦੇ ਸਰਟੀਫਿਕੇਟ ਵੈਰੀਫਾਈ ਕਰਦੇ ਸਮੇਂ ਧਿਆਨ ਰੱਖਿਆ ਜਾਵੇ ਕਿ ਰਿਜਰਵ ਕੈਟਾਗਰੀ ਦਾ ਸਰਟੀਫਿਕੇਟ ਸਮਰੱਥ ਅਧਿਕਾਰੀ ਵਲੋਂ ਜਾਰੀ ਕੀਤਾ ਹੋਵੇ।
20. D.I.s ਵਲੋਂ ਉਮੀਦਵਾਰਾਂ ਦੀ ਅਸਲੀ ਰਿਹਾਇਸ਼ ਸਬੰਧੀ, ਉਸ ਦੀ ਪੱਕੀ ਰਿਹਾਇਸ਼ ਦੇ ਵੇਰਵੇ, ਰਿਕਾਰਡ ਦੇ ਆਧਾਰ ਤੇ ਵੈਰੀਫਾਈ ਕੀਤੇ ਜਾਣ।
21. ਪਹਿਲੀ ਅਤੇ ਦੂਜੀ ਕੌਂਸਲਿੰਗ ਦੌਰਾਨ ਦਾਖਲੇ ਵਿਚ ਰਿਜਰਵੇਸ਼ਨ ਪੰਜਾਬ ਸਰਕਾਰ ਵਲੋਂ ਨਿਰਧਾਰਤ ਰਿਜਰਵੇਸ਼ਨ ਪਾਲਿਸੀ ਮੁਤਾਬਿਕ ਹੋਵੇਗੀ। ਉਪਰੰਤ ਸਮੂਹ ਰਿਜਰਵ ਕੈਟਾਗਰੀ ਨਾਲ ਸੰਬਧਤ ਖਾਲੀ ਰਹਿ ਗਈਆਂ ਸੀਟਾਂ ਤੀਜੀ ਕੌਂਸਲਿੰਗ ਦੌਰਾਨ ਰਾਜ ਸਰਕਾਰ ਦੀ ਨੋਟੀਫਿਕੇਸ਼ਨ ਨੰ: 2/12/2005-2TE(1) 980 dated 23-06-2005 ਦੇ ਪੈਰਾ 5(C) ਅਨੁਸਾਰ ਸਾਂਝੀ ਮੈਰਿਟ ਦੇ ਆਧਾਰ ਤੇ ਭਰੀਆਂ ਜਾਣਗੀਆਂ।
22. ਸੀਟ ਅਲਾਟਮੈਂਟ ਦੇ ਰਿਜਲਟ ਅਨੁਸਾਰ, ਪ੍ਰੋਵੀਜਨਲ ਸੀਟ ਅਲਾਟਮੈਂਟ ਪੱਤਰ ਦਾ ਪ੍ਰਿੰਟ ਲੈਂਦੇ ਹੋਏ, ਰਿਪੋਰਟਿੰਗ ਲਈ ਜਿੰਨਾਂ ਕੈਂਡੀਡੇਟਸ ਨੂੰ ਸੀਟ ਅਲਾਟ ਹੋਈ ਹੈ, ਉਨਾਂ ਸਬੰਧਤ ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ ਵਲੋਂ ਸਿਲੈਕਟਿਡ ਕੈਂਡੀਡੇਟਸ ਦੀ ਦਾਖਲਾ ਫੀਸ ਮੌਕੇ ਤੇ offline ਇਕੱਤਰ ਕੀਤੀ ਜਾਵੇ। ਰਿਪੋਰਟਿੰਗ ਸ਼ਡਿਊਲ ਅਨੁਸਾਰ ਦਾਖਲਾ ਲੈਣ ਵਾਲੇ ਸਿਖਿਆਰਥੀਆਂ ਨੂੰ ਆਨ ਲਾਈਨ ਦਾਖਲਾ ਪੋਰਟਲ ਤੇ Confirm ਕੀਤਾ ਜਾਵੇ, Admission Slip ਦਾ ਪ੍ਰਿੰਟ ਆਊਟ ਲਾਜ਼ਮੀ ਲਿਆ ਜਾਵੇ। Admission Slip ਦੇ ਪ੍ਰਿੰਟ ਲੈ ਲਏ ਜਾਣ ਤੇ ਹੀ ਕੈਂਡੀਡੇਟਸ ਦਾ ਦਾਖਲਾ ਪੋਰਟਲ ਉਪਰ ਐਂਟਰ ਹੁੰਦਾ ਹੈ। ਸੀਟ ਕੰਫਰਮੇਸ਼ਨ ਦੇ ਪ੍ਰਿੰਟ ਆਊਟ ਉਪਰ ਕੈਂਡੀਡੇਟਸ ਦੇ ਹਸਤਾਖਰ ਕਰਵਾ ਕੇ ਇਕ ਕਾਪੀ ਸੰਸਥਾ ਦੇ ਰਿਕਾਰਡ ਲਈ ਰੱਖੀ ਜਾਵੇ ਅਤੇ ਇਕ ਕਾਪੀ ਕੈਂਡੀਡੇਟਸ ਨੂੰ ਦੇ ਦਿੱਤੀ ਜਾਵੇ।

23. ਆਪਣੀ ਸੰਸਥਾ ਦੀਆਂ S.C.V.T. ਟਰੇਡਾਂ/ ਯੂਨਿਟਾਂ (ਕਿਸੇ ਸਰਕਾਰੀ ਸੰਸਥਾ ਪਾਸ ਇਕ ਟਰੇਡ ਦੋ ਯੂਨਿਟ ਚੱਲ ਰਹੇ ਹੋਣ ਪਰ ਇਕ N.C.V.T. ਹੋਵੇ ਅਤੇ ਦੂਜਾ ਯੂਨਿਟ S.C.V.T. ਹੋਵੇ) ਵਿਚ ਦਾਖਲਾ ਲੈਣ ਵਾਲੇ ਸਿਖਿਆਰਥੀਆਂ ਨੂੰ S.C.V.T. ਟਰੇਡ ਬਾਰੇ ਜਾਣਕਾਰੀ ਦਿੰਦੇ ਹੋਏ ਦਾਖਲੇ ਸਮੇਂ ਲਿਖਤੀ ਸਹਿਮਤੀ ਲਈ ਜਾਵੇ ਤਾਂ ਜੋ ਬਾਦ ਵਿਚ ਕਾਨੂੰਨੀ ਅੜਚਨ ਪੈਦਾ ਨਾ ਹੋਵੇ।
24. ਉਮੀਦਵਾਰਾਂ ਦੀ ਜਾਣਕਾਰੀ ਲਈ ਹਰ ਕੌਂਸਲਿੰਗ ਉਪਰੰਤ, ਆਪਣੀ ਸੰਸਥਾ ਦੀਆਂ ਟਰੇਡਾਂ ਵਿਚ ਖਾਲੀ ਰਹਿ ਗਈਆਂ ਸੀਟਾਂ ਬਾਰੇ, ਮੋਟੇ ਅੱਖਰਾਂ ਵਿਚ ਕੈਟਾਗਰੀ ਵਾਇਜ਼ ਸੂਚੀ ਸੰਸਥਾ ਦੇ ਨੋਟਿਸ ਬੋਰਡ ਤੇ ਲਗਾਈ ਜਾਵੇ ਤਾਂ ਜੋ ਦਾਖਲਾ ਲੈਣ ਦੇ ਇੱਛੁਕ ਉਮੀਦਵਾਰਾਂ ਨੂੰ ਆਪਣੀ ਚੁਆਇਸ ਫਿਲਿੰਗ ਲਈ ਮਦਦ/ ਜਾਣਕਾਰੀ ਮਿਲ ਸਕੇ।
25. ਜਰੂਰਤ ਅਨੁਸਾਰ ਜੇਕਰ SPOT ROUND ਦੇ ਦਾਖਲਾ ਸ਼ਡਿਊਲ ਦਾ ਉਪਬੰਧ ਕੀਤਾ ਜਾਂਦਾ ਹੈ ਤਾਂ SPOT ROUND ਦੌਰਾਨ ਸਿੱਧੇ ਦਾਖਲੇ ਸਮੇਂ, ਸੰਸਥਾ ਵਿਖੇ ਖਾਲੀ ਰਹਿ ਗਈਆਂ ਸੀਟਾਂ ਵਿਰੁੱਧ, ਕੈਂਡੀਡੇਟਸ ਦੀ ਚੁਆਇਸ ਅਨੁਸਾਰ (ਪ੍ਰਾਸਪੈਕਟ ਵਿਚ ਦਰਜ, ਉਸ ਟਰੇਡ ਲਈ ਘੱਟੋ-ਘੱਟ ਲੋੜੀਂਦੀ ਦਾਖਲਾ ਯੋਗਤਾ, ਲਾਜ਼ਮੀ ਵਿਸ਼ਿਆਂ ਸਮੇਤ, ਪੂਰੀ ਕਰਦਾ ਹੋਵੇ) ਉਸ ਨੂੰ ਸੀਟ ਅਲਾਟ ਕਰ ਦਿੱਤੀ ਜਾਵੇ। ਆਨ ਲਾਈਨ ਦਾਖਲਾ ਪੋਰਟਲ ਉਪਰ SPOT ROUND ਦੌਰਾਨ ਕੈਂਡੀਡੇਟਸ ਨੂੰ ਕੰਫਰਮ ਕਰਨ ਤੋਂ ਪਹਿਲਾਂ Registration Number,

Trade, NCVT/ SCVT/ DST ਆਦਿ ਦੇ ਵੇਰਵੇ ਧਿਆਨ ਨਾਲ ਚੈਕ ਕਰ ਲਏ ਜਾਣ। ਫਾਈਨਲ ਸਬਮਿਸ਼ਨ ਕਲਿੱਕ ਕਰਨ ਉਪਰੰਤ ਕੋਈ ਤਬਦੀਲੀ ਸੰਭਵ ਨਹੀਂ ਹੋਵੇਗੀ।

26. SPOT ROUND ਦੋਰਾਨ ਦਾਖਲ/ ਰਿਪੋਰਟ ਕੀਤੀ ਜਾ ਚੁੱਕੀ ਸੀਟਾਂ ਦੀ, ਹੋਰ better option ਅਨੁਸਾਰ ਉਮੀਦਵਾਰਾਂ ਵਲੋਂ updation ਹਿਤ ਤਬਦੀਲੀ ਸੰਭਵ ਨਹੀਂ ਹੋਵੇਗੀ। SPOT ROUND ਦੋਰਾਨ seat withdrawn ਦੀ option ਨਹੀਂ ਹੋਵੇਗੀ ਕਿਉਂ ਜੋ ਉਮੀਦਵਾਰਾਂ ਵਲੋਂ ਸਿੱਧੇ ਖੁਦ ਨਿੱਜੀ ਤੌਰ ਤੇ ਹਾਜਰ ਹੋ ਕੇ ਖਾਲੀ ਰਹਿ ਗਈਆਂ ਸੀਟਾਂ ਵਿਰੁੱਧ ਆਪਣੀ ਦਾਖਲਾ ਸੀਟ confirm ਕਰਵਾਈ ਜਾਂਦੀ ਹੈ। SPOT ROUND ਦੋਰਾਨ seat withdrawn ਕਾਰਨ ਦਾਖਲੇ ਦਾ ਡਾਟਾ ਦਰੁੱਸਤ ਨਹੀਂ ਰਹਿੰਦਾ ਹੈ।

27. ਸੰਸਥਾਵਾ ਵਿਚ ਰੈਗਿੰਗ ਨੂੰ ਰੋਕਣ ਲਈ ਐਂਟੀ ਰੈਗਿੰਗ ਕਮੇਟੀਆਂ (ਮੋਨੀਟਰਿੰਗ ਸੈਲ ਆਫ ਰੈਗਿੰਗ) ਦਾ ਗਠਨ ਕੀਤਾ ਜਾਵੇ ਤਾਂ ਜੋ ਰੈਗਿੰਗ ਤੋਂ ਪੀੜਤ ਸਿਖਿਆਰਥੀ ਆਪਣੀ ਸ਼ਿਕਾਇਤ/ ਰਿਪੋਰਟ ਦਰਜ ਕਰਵਾ ਸਕਣ। ਸੰਸਥਾਵਾਂ ਵਿਚ ਰੈਗਿੰਗ ਰੋਕਣ ਲਈ ਖਾਸ ਮੁਹਿੰਮ ਚਲਾਈ ਜਾਵੇ। ਸੰਸਥਾਵਾਂ ਵਿਚ ਰੈਗਿੰਗ ਰੋਕਣ ਲਈ ਸੰਸਥਾ ਵਿਚ ਨੋਟਿਸ ਬੋਰਡ/ ਬੈਨਰ ਆਦਿ ਲਗਾਏ ਜਾਣ, ਜਿੰਨ੍ਹਾਂ ਰਾਂਹੀਂ ਸੰਸਥਾ ਦੇ ਸਿਖਿਆਰਥੀਆਂ ਨੂੰ ਰੈਗਿੰਗ ਨਾ ਕਰਨ ਸਬੰਧੀ ਜਾਗਰੂਕ ਕੀਤਾ ਜਾ ਸਕੇ। ਰੈਗਿੰਗ ਨਾ ਕਰਨ ਸਬੰਧੀ ਸਿਖਿਆਰਥੀਆਂ ਪਾਸੋਂ ਦਾਖਲੇ ਸਮੇਂ ਇਕ ਸਵੈ-ਘੋਸ਼ਨਾ ਪੱਤਰ ਲਿਆ ਜਾਵੇ ਕਿ ਉਹ ਕਿਸੇ ਵੀ ਸਿਖਿਆਰਥੀ/ ਸਿਖਿਆਰਥਣ ਨਾਲ ਰੈਗਿੰਗ ਨਹੀਂ ਕਰੇਗਾ/ਕਰੇਗੀ। ਰੈਗਿੰਗ ਕਰਨ ਵਾਲੇ ਸਿਖਿਆਰਥੀ/ ਸਿਖਿਆਰਥਣ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਰੈਗਿੰਗ ਇਕ ਕਾਨੂੰਨੀ ਅਪਰਾਧ ਹੈ। ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

28. ਆਪਣੀ ਸੰਸਥਾ ਵਿਖੇ ਅਨੁਸੂਚਿਤ ਜਾਤੀ ਨਾਲ ਸਬੰਧ ਰਖਦੇ ਉਮੀਦਵਾਰਾਂ/ ਸਿਖਿਆਰਥੀਆਂ ਨੂੰ ਰਿਜਰਵੇਸ਼ਨ ਦੇ ਆਧਾਰ ਤੇ ਹੱਕਾਂ ਲਈ ਐਸ.ਸੀ. ਸੈਲ ਦਾ ਗਠਨ ਕੀਤਾ ਜਾਵੇ ਤਾਂ ਜੋ ਪੀੜਤ ਉਮੀਦਵਾਰ/ ਸਿਖਿਆਰਥੀ ਆਪਣੀ ਸ਼ਿਕਾਇਤ ਦਰਜ ਕਰਵਾ ਸਕਣ।

29. ਭਾਰਤ ਸਰਕਾਰ ਦੀਆਂ ਗਾਈਡਲਾਈਨ ਅਨੁਸਾਰ ਪੋਸ਼ਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਕੈਟਾਗਰੀ ਨਾਲ ਸਬੰਧਤ ਯੋਗ ਸਿਖਿਆਰਥੀਆਂ ਨੂੰ ਬਿਨ੍ਹਾਂ ਫੀਸ ਲਏ ਸੰਸਥਾਵਾਂ ਵਿਚ ਦਾਖਲਾ ਦਿੱਤਾ ਜਾਂਦਾ ਹੈ ਅਤੇ ਪੜਾਈ ਦੋਰਾਨ ਸਿਖਿਆਰਥੀਆਂ ਨੂੰ ਸਕਾਲਰਸ਼ਿਪ ਦਾ ਬਣਦਾ ਲਾਭ ਵੀ ਦਿੱਤਾ ਜਾਵੇਗਾ।
ਇਸ ਤੋਂ ਇਲਾਵਾ ਦਾਖਲਾ ਲੈਣ ਸਮੇਂ ਐਸ.ਸੀ. ਸਿਖਿਆਰਥੀਆਂ ਨੂੰ ਵੱਧ ਤੋਂ ਵੱਧ ਉਤਸਾਹਿਤ ਕਰਦੇ ਹੋਏ ਪੂਰਾ ਸਹਿਯੋਗ ਦਿੱਤਾ ਜਾਵੇ ਅਤੇ ਨਾਲ ਹੀ ਪੋਸ਼ਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਸਬੰਧੀ ਵੀ ਵੱਧ ਤੋਂ ਵੱਧ ਐਸ.ਸੀ. ਸਿਖਿਆਰਥੀਆਂ ਨੂੰ ਜਾਣੂ ਕਰਵਾਇਆ ਜਾਵੇ ਤਾਂ ਜੋ ਸਿਖਿਆਰਥੀ ਆਪਣੀ ਇੱਛਾ/ ਰੂਚੀ ਅਨੁਸਾਰ ਸੰਸਥਾਵਾਂ ਵਿਚ ਮੰਨਪਸੰਦ ਟਰੇਡ ਵਿਚ ਦਾਖਲਾ ਲੈਂਦੇ ਹੋਏ ਟ੍ਰੇਨਿੰਗ ਪ੍ਰਾਪਤ ਕਰਨ।

30. ਜੇਕਰ ਕਿਸੇ ਕਾਰਨ ਕਿਸੇ ਸੰਸਥਾ ਦਾ ਕਿਸੇ ਟਰੇਡ ਦਾ ਦਾਖਲਾ 50% ਤੋਂ ਘੱਟ ਹੁੰਦਾ ਹੈ ਤਾਂ ਟਰੇਡ ਬੰਦ ਕੀਤੀ ਜਾ ਸਕਦੀ ਹੈ। ਦਾਖਲਾ 50% ਤੋਂ ਘੱਟ ਹੋਣ ਦੀ ਸੂਰਤ ਵਿਚ ਨੇੜੇ ਪੈਂਦੀਆਂ ਸੰਸਥਾਵਾਂ ਵਿਚ ਸਬੰਧਤ ਟਰੇਡ ਦੀਆਂ ਖਾਲੀ ਪਈਆਂ ਸੀਟਾਂ ਵਿਰੁੱਧ ਇੰਨਾਂ ਸਿਖਿਆਰਥੀਆਂ ਦੀ ਸਹਿਮਤੀ ਲੈਂਦੇ ਹੋਏ ਮਾਈਗਰੇਸ਼ਨ ਲਈ ਵਿਭਾਗ ਨੂੰ ਸੂਚਿਤ ਕੀਤਾ ਜਾਵੇ।

31. ਡੀ.ਆਈ. ਸੰਸਥਾਵਾਂ ਵਲੋਂ ਉਮੀਦਵਾਰਾਂ ਦੇ ਡਾਕੂਮੈਂਟਸ ਵੈਰੀਫਿਕੇਸ਼ਨ ਦਾ ਰਿਕਾਰਡ ਰੱਖਿਆ ਜਾਵੇ। ਇਸੇ ਤਰਾ ਪੀ.ਆਈ. ਸੰਸਥਾਵਾਂ ਵਲੋਂ ਦਾਖਲ ਕੀਤੇ ਗਏ ਸਿਖਿਆਰਥੀਆਂ ਦਾ ਰਜਿਸ਼ਟਰੇਸ਼ਨ ਸਲਿੱਪ, ਚੁਆਇਸ ਫਿਲਿੰਗ, ਪ੍ਰੋਵੀਜਨਲ ਸੀਟ ਅਲਾਟਮੈਂਟ ਲੈਟਰ ਅਤੇ ਅਡਮੀਸ਼ਨ ਸਲਿੱਪ ਦੀ ਫੋਟੋ ਕਾਪੀ ਰਿਕਾਰਡ ਹਿਤ

ਰੱਖਣਾ ਯਕੀਨੀ ਬਣਾਇਆ ਜਾਵੇ ਅਤੇ ਦਾਖਲ ਹੋ ਚੁੱਕੇ ਸਿਖਿਆਰਥੀਆਂ ਨੂੰ ਵੀ ਇਸ ਦੀ ਫੋਟੋ ਕਾਪੀ ਰਿਕਾਰਡ ਹਿਤ ਰੱਖਣ ਲਈ ਗਾਈਡ ਕੀਤਾ ਜਾਵੇ।

32. ਸੀਟ ਅਲਾਟਮੈਂਟ ਤੋਂ ਬਾਦ ਰਿਪੋਰਟਿੰਗ ਸਮੇਂ ਤੇ ਜਾਂ ਦਾਖਲੇ ਤੋਂ ਬਾਦ ਵੀ ਜੇਕਰ ਕਿਸੇ ਕੈਂਡੀਡੇਟਸ ਵਲੋਂ, ਦਾਖਲੇ ਲਈ ਸਬਮਿਟ ਕੀਤੇ ਦਸਤਾਵੇਜਾਂ ਵਿਚੋਂ, ਕੋਈ ਦਸਤਾਵੇਜ ਝੂਠਾ ਜਾਂ ਗਲਤ ਪਾਇਆ ਜਾਂਦਾ ਹੈ ਤਾਂ ਪੀ.ਆਈ. ਸੰਸਥਾ ਦੇ ਮੁੱਖੀ ਨੂੰ ਉਸ ਕੈਂਡੀਡੇਟਸ ਦੀ ਸੀਟ ਕੈਂਸਲ ਕਰਨ ਦਾ ਪੂਰਾ ਅਧਿਕਾਰ ਹੋਵੇਗਾ ਅਤੇ ਕੈਂਡੀਡੇਟਸ ਵਲੋਂ ਜਮਾਂ ਕਰਵਾਈ ਫੀਸ ਜਬਤ ਹੋ ਜਾਵੇਗੀ। ਇਸ ਤਰਾਂ ਕੈਂਡੀਡੇਟ ਅਲਾਟਿਡ ਸੀਟ ਅਤੇ ਜਮਾਂ ਕਰਵਾਈ ਫੀਸ ਦਾ ਲੀਗਲੀ ਹੱਕਦਾਰ ਨਹੀਂ ਹੋਵੇਗਾ।

33. N.C.V.T.-M.I.S. Portal ਤੇ ਜਨਰੇਟ ਦਾਖਲ ਸਿਖਿਆਰਥੀਆਂ ਦੀ ਸੂਚੀ, ਪ੍ਰੋਫਾਈਲ ਆਦਿ ਨੂੰ ਸੰਸਥਾ ਵਿਖੇ ਦਾਖਲ ਸਿਖਿਆਰਥੀਆਂ ਨੂੰ ਲਿਖਤੀ ਤੌਰ ਤੇ ਨੋਟ ਕਰਵਾਇਆ ਜਾਵੇ। ਇੰਨਾਂ ਸੂਚੀਆਂ ਵਿਚ ਕੋਈ ਸੋਧ ਦੀ ਲੋੜ ਹੋਵੇ ਤਾਂ ਕਰਵਾਈ ਜਾਣ ਵਾਲੀ ਸੋਧ ਸਬੰਧੀ ਸੂਚਨਾ ਨਿਰਧਾਰਤ ਟੈਂਪਲੇਟ ਪ੍ਰੋਫਾਰਮੇ ਅਤੇ ਐਕਸਲ ਫਾਰਮੈਟ ਰਾਂਹੀਂ ਵਿਭਾਗ ਨੂੰ ਭੇਜੀ ਜਾਵੇ, ਇਹ ਸੋਧ ਸਬੰਧਤ ਦਸਤਾਵੇਜਾਂ ਦੇ ਆਧਾਰ ਤੇ ਹੀ ਹੋਵੇ।

34. ਦਾਖਲਾ ਪ੍ਰੋਸੈਸ ਮੁਕੰਮਲ ਹੋਣ ਉਪਰੰਤ S.C.V.T. ਟਰੇਡਾਂ ਵਿਚ ਦਾਖਲ/ ਪਾਸ ਆਊਟ ਸਿਖਿਆਰਥੀਆਂ ਨਾਲ ਸੰਬਧਤ ਕੋਈ ਸੋਧ ਕਰਵਾਈ ਜਾਣੀ ਹੁੰਦੀ ਹੈ ਤਾਂ ਸੋਧ ਸਬੰਧੀ ਰਿਕਾਰਡ, ਸੰਸਥਾ ਦੇ ਸੰਬਧਤ D.I. ਦੀ ਸਿਫਾਰਸ਼ ਸਮੇਤ ਵਿਭਾਗ ਨੂੰ ਭੇਜਿਆ ਜਾਵੇ।

35. ਸੰਸਥਾਵਾਂ/ ਉਮੀਦਵਾਰਾਂ ਵਲੋਂ ਆਨ ਲਾਈਨ ਦਾਖਲੇ ਲਈ ਕਿਸੇ ਤਰਾਂ ਦੀ ਸਹਾਇਤਾ ਲਈ ਹੈਲਪ ਲਾਈਨ ਫੋਨ ਨੰ: 9872605799 ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ e-mail: admissioniti2021@gmail.com ਤੇ ਮੇਲ ਵੀ ਕਰ ਸਕਦੇ ਹਨ।

36. ਹਰੇਕ ਜ਼ਿਲ੍ਹੇ ਪੱਧਰ ਤੇ, ਆਪਣੇ ਜਿਲੇ ਅੰਦਰ ਚੱਲ ਰਹੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਸਥਾਨਕ ਮੀਡੀਆ, ਪ੍ਰਮੁੱਖ ਸਥਾਨਾਂ ਤੇ ਬੈਨਰ ਅਤੇ ਸੈਕੰਡਰੀ ਸਕੂਲਾਂ ਸਾਹਮਣੇ ਪੋਸਟਰ ਆਦਿ ਲਗਾ ਕੇ ਇਸ਼ਤਹਾਰ ਦਿੱਤੇ ਜਾਣ। ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਸੈਕੰਡਰੀ ਸਕੂਲਾਂ ਦੇ ਮੁੱਖੀਆਂ ਅਤੇ ਅੱਠਵੀਂ ਅਤੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਅਤੇ ਮਾਪਿਆਂ ਨਾਲ ਸੰਪਰਕ ਕੀਤਾ ਜਾਵੇ। ਉਨ੍ਹਾਂ ਨੂੰ ਆਈ.ਟੀ.ਆਈਜ਼ ਵਿੱਚ ਦਾਖਲਾ ਲੈਣ ਲਈ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਜਾਵੇ। ਆਈ ਟੀ ਆਈ ਵਿਚ ਸਿਖਲਾਈ ਬਾਰੇ ਕੈਰੀਅਰ ਦੀਆਂ ਸੰਭਾਵਨਾਵਾਂ ਬਾਰੇ, ਡਰਾਪ ਆਊਟ ਅਤੇ ਸੰਭਾਵੀ ਸਿਖਿਆਰਥੀਆਂ ਨੂੰ ਉਚਿਤ ਸਲਾਹ ਅਤੇ ਮਾਰਗਦਰਸ਼ਨ ਕੀਤਾ ਜਾਵੇ। ਦਾਖਲੇ ਲਈ ਲਾਮਬੰਦੀ ਮੁਹਿੰਮ ਚਲਾਉਣ ਲਈ ਗ੍ਰਾਮ ਪੰਚਾਇਤਾਂ ਅਤੇ ਸਥਾਨਕ ਸੰਸਥਾਵਾਂ ਨਾਲ ਤਾਲਮੇਲ ਕੀਤਾ ਜਾਵੇ। ਸਥਾਨਕ ਚੈਨਲਾਂ, ਰੇਡੀਓ, ਪ੍ਰਿੰਟ ਮੀਡੀਆ ਅਤੇ ਬਰੋਸ਼ਰਾਂ ਰਾਹੀਂ ਪ੍ਰਚਾਰ ਕੀਤਾ ਜਾਵੇ। (ਜਿਸ ਦਾ ਰਾਜ ਸਰਕਾਰ ਤੇ ਕੋਈ ਵਿੱਤੀ ਬੋਝ ਨਾ ਪਵੇ)। ਜਿਲ੍ਹਾ ਸਕਿੱਲਿੰਗ ਕਮੇਟੀਆਂ ਨੂੰ ਵੀ ਆਪਣੇ ਜ਼ਿਲ੍ਹਿਆਂ ਵਿੱਚ ਆਈ.ਟੀ.ਆਈਜ਼ ਦੇ ਦਾਖਲੇ ਦੀ ਸੰਭਾਵਨਾ ਨੂੰ ਵਧਾਉਣ ਲਈ ਸ਼ਾਮਲ ਕੀਤਾ ਜਾਵੇ।

37. ਆਖਰੀ ਕੌਂਸਲਿੰਗ ਮੁਕੰਮਲ ਹੋਣ ਉਪਰੰਤ ਹਰ ਸੰਸਥਾ ਵਲੋਂ ਆਪਣੇ ਆਨ ਲਾਈਨ ਪੋਰਟਲ ਤੋਂ ਫਾਈਨਲ ਦਾਖਲ ਸਿਖਿਆਰਥੀਆਂ ਦੀ ਲਿਸ਼ਟਾਂ ਡਾਊਨਲੋਡ ਕੀਤੀਆਂ ਜਾਣ। ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਕੇਵਲ

**ਇਸ ਫਾਈਨਲ ਲਿਸ਼ਟ ਅਨੁਸਾਰ ਹੀ, ਦਾਖਲ ਸਿਖਿਆਰਥੀ ਸੰਸਥਾ ਵਿਖੇ ਟ੍ਰੇਨਿੰਗ ਲੈਣ।**

38. **N.C.V.T./ S.C.V.T. ਤਹਿਤ ਜਿੰਨ੍ਹਾਂ ਟਰੇਡਾਂ ਦਾ ਦਾਖਲਾ ਕਰਵਾਇਆ ਜਾਂਦਾ ਹੈ, ਉਨ੍ਹਾਂ ਬਾਰੇ ਮੌਜੂਦਾ ਸਟੇਟਸ ਈ-ਗਵਰਨੈਸ ਪੋਰਟਲ ਤੇ ਡਿਸਪਲੇ ਕਰਾਉਣਾ ਯਕੀਨੀ ਬਣਾਇਆ ਜਾਵੇ। ਨਾਲ ਹੀ ਦਾਖਲ ਸਿਖਿਆਰਥੀਆਂ ਦਾ ਆਨ ਰੋਲ ਸਟੇਟਸ ਵੀ ਸੰਸਥਾ ਵਿਖੇ ਅਪਡੇਟ ਰੱਖਿਆ ਜਾਵੇ।**

Ramesh Kumar
Assistant Director
30/06/2022

**ਪਿੱਠ ਅੰਕਣ ਖਰੜਾ:**

**ਉਪਰੋਕਤ ਦਾ ਉਤਾਰਾ ਰਾਜ ਅਧੀਨ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਮੁੱਖੀਆਂ ਨੂੰ ਇੰਨ-ਬਿੰਨ ਪਾਲਣਾ ਹਿਤ ਭੇਜਿਆ ਜਾਂਦਾ ਹੈ।**

Ramesh Kumar
Assistant Director
30/06/2022